# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

E-Mail. id :deosebathinda@punjabeducation.gov.in

ਯਾਦ ਪੱਤਰ ਨੰ : 6

ਵੱਲ

ਸਬੰਧਤ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।

ਪੱਤਰ ਨੰ:ਜੀ-1/1 ( ) 2023 / 4098
ਮਿਤੀ : 28 /07/2023

ਵਿਸ਼ਾ : ਮਿਸ਼ਨ ਤੰਦਰੁਸਤ ਪੰਜਾਬ ਦੇ ਸਬ-ਮਿਸ਼ਨ ਗਰੀਨ ਪੰਜਾਬ ਅਧੀਨ ਐਕਸ਼ਨ ਪਲਾਨ ਸਾਲ 2023-24 ਅਧੀਨ ਮਹੀਨਾਵਰ ਪ੍ਰਗਤੀ ਸਬੰਧੀ ।

ਹਵਾਲਾ : ਇਸ ਦਫਤਰ ਦੇ ਪੱਤਰ ਨੰ :ਜੀ-1/1 ( ) 2023 /3034 ਮਿਤੀ : 06/04/2023 , ਪੱਤਰ ਨੰ : ਜੀ-1/1 ( ) 2023 / 4046 , ਮਿਤੀ : 28/06/2023 , ਪੱਤਰ ਨੰ : ਜੀ-1/1 ( ) 2023 / 4051 ਮਿਤੀ : 03/07/2023, ਪੱਤਰ ਨੰ: ਜੀ-1/1 ( ) 2023 /4052 ਮਿਤੀ : 07/07/20 ਪੱਤਰ ਨੰ:ਜੀ-1/1 ( ) 2023 /4081 ਮਿਤੀ : 18/07/2023 ,ਦੀ ਲਗਾਤਾਰਤਾ ਵਿਚ ।

ਉਪਰੋਕਤ ਵਿਸ਼ਾ ਅਤੇ ਹਵਾਲਾ ਅੰਕਿਤ ਦੇ ਸਬੰਧ ਵਿਚ ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਆਪ ਜੀ ਤੋਂ ਪਹਿਲਾ ਵੀ ਇਹ ਸੂਚਨਾ ਗੂਗਲ ਫਾਰਮ ਰਾਹੀ ਸੂਚਨਾ ਮੰਗੀ ਗਈ ਸੀ ਪ੍ਰੰਤੂ ਬੜੇ ਖੇਦ ਨਾਲ ਕਹਿਣਾ ਪੈ ਰਿਹਾ ਹੈ ਕਿ ਬਹੁਤ ਘੱਟ ਸਕੂਲਾਂ ਵੱਲੋਂ ਹੀ ਇਹ ਸੂਚਨਾ ਪ੍ਰਾਪਤ ਹੋਈ ਸੀ ।

ਆਪ ਨੂੰ ਫਿਰ ਤੋਂ ਸਖਤ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਹੇਠਾਂ ਦਿੱਤੇ ਗਏ ਪ੍ਰੋਫਾਰਮੇ ਅਨੁਸਾਰ ਮੰਗੀ ਗਈ ਸੂਚਨਾ ਨੂੰ ਤੁਰੰਤ ਕੱਲ੍ਹ ਮਿਤੀ : 29/07/2023 ਸਵੇਰੇ 10: 00 ਵਜੇ ਤੱਕ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਸੂਚਨਾ ਸਮੇਂ ਸਿਰ ਮੁੱਖ ਦਫਤਰ ਨੂੰ ਭੇਜੀ ਜਾ ਸਕੇ । ਉਕਤ ਅਨੁਸਾਰ ਮੰਗੀ ਗਈ ਸੂਚਨਾ ਗੂਗਲ ਫਾਰਮ ਵਿਚ ਭਰਕੇ ਹੀ ਭੇਜੀ ਜਾਵੇ । ਗੂਗਲ ਫਾਰਮ ਦਾ ਲਿੰਕ ਆਪ ਜੀ ਨੂੰ ਵੱਟਸਐਪ ਗਰੁੱਪ ਰਾਹੀ ਪਹਿਲਾ ਹੀ ਭੇਜਿਆ ਜਾ ਚੁੱਕਾ ਹੈ । ਜਿਨ੍ਹਾਂ ਸਕੂਲਾਂ ਵੱਲੋਂ ਸੂਚਨਾ ਨਹੀਂ ਭੇਜੀ ਗਈ ਉਨ੍ਹਾਂ ਸਕੂਲਾਂ ਦੀ ਲਿਸਟ ਉਕਤ ਪੱਤਰ ਨਾਲ ਨੱਥੀ ਕਰਕੇ ਭੇਜ ਰਹੇ ਹਾਂ । ਜੇਕਰ ਸਬੰਧਤ ਸਕੂਲਾਂ ਵੱਲੋਂ ਸੂਚਨਾ ਨਿਸ਼ਚਿਤ ਮਿਤੀ ਤੱਕ ਨਾ ਭੇਜੀ ਗਈ ਤਾਂ ਸਬੰਧਤ ਸਕੂਲ ਦੇ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਆਰੰਭੀ ਜਾਵੇਗੀ ,ਸਬੰਧਤ ਸਕੂਲ ਨੂੰ ਕਾਰਨ ਦੱਸੋ ਨੋਟਿਸ ਵੀ ਕੱਢਿਆ ਜਾਵੇਗਾ ਅਤੇ ਸਕੂਲ ਮੁੱਖੀ ਖੁੱਦ ਦਫਤਰ ਹਾਜ਼ਰ ਹੋ ਕੇ ਇਸ ਦਾ ਸਪੱਸਟੀਕਰਨ ਦੇਣਗੇ ।

## ਪ੍ਰੋਫਾਰਮਾ

| ਲੜੀ ਨੰ | ਕੁੱਲ ਲਗਾਏ ਗਏ ਪੌਦਿਆਂ ਦੀ ਗਿਣਤੀ | ਲਗਾਏ ਗਏ ਪੌਦਿਆਂ ਦੀ ਕਿਸਮ ,ਕੀ ਪੌਦੇ ਫਲਦਾਰ, ਛਾਂ ਵਾਲੇ, ਮੈਡੀਸ਼ਿਨਲ ਹਨ | ਵਿਸ਼ੇਸ ਕਥਨ |
|---|---|---|---|
| | | | |

ਗੂਗਲ ਫਾਰਮ ਦਾ ਲਿੰਕ : https://forms.gle/tYSkz85pWNdH9RKZ9

ਨੱਥੀ : ਸਕੂਲਾਂ ਦੀ ਲਿਸਟ ਜਿਨ੍ਹਾਂ ਵੱਲੋਂ ਸੂਚਨਾ ਨਹੀਂ ਭੇਜੀ ਗਈ ।

28/7/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।